BC CANCER CERVIX SCREENING
Provincial Health Services Authority

ਸਰਵਿਕਸ ਸਕ੍ਰੀਨਿੰਗ ਯਾਦ-ਦਿਹਾਨੀ

Notice Date

Jane Sample
123 Sample Avenue
City, Province, Postal Code

ਪਿਆਰੀ Jane,

ਤੁਹਾਡੇ ਸਰਵਿਕਸ (ਬੱਚੇਦਾਨੀ ਦੇ ਮੂੰਹ) ਦੀ ਸਕ੍ਰੀਨਿੰਗ ਕਰਵਾਉਣ ਦਾ ਸਮਾਂ ਆ ਗਿਆ ਹੈ। **ਮੈਂ ਤੁਹਾਨੂੰ ਸਰਵਿਕਸ ਸੈਲਫ-ਸਕ੍ਰੀਨਿੰਗ ਕਿੱਟ ਮੰਗਵਾਉਣ ਲਈ ਉਤਸ਼ਾਹਿਤ ਕਰਦੀ ਹਾਂ, ਜਿਸ ਨਾਲ ਤੁਸੀਂ ਸਰਵਾਈਕਲ ਕੈਂਸਰ ਦੀ ਜਾਂਚ ਲਈ ਆਪਣੀ ਯੋਨੀ 'ਚੋਂ ਖੁਦ ਨਮੂਨਾ ਇਕੱਠਾ ਕਰ ਸਕਦੇ ਹੋ।** ਇਹ ਕਿੱਟ ਹਿਊਮਨ ਪੈਪੀਲੋਮਾਵਾਇਰਸ (HPV) ਦੀ ਜਾਂਚ ਕਰਦੀ ਹੈ, ਜੋ ਸਰਵਾਈਕਲ ਕੈਂਸਰ ਦਾ ਕਾਰਨ ਬਣਨ ਵਾਲਾ ਵਾਇਰਸ ਹੈ। ਜੇ ਤੁਸੀਂ ਪਿਛਲੇ 3 ਮਹੀਨਿਆਂ ਵਿੱਚ ਸਰਵਿਕਸ ਸਕ੍ਰੀਨਿੰਗ (ਜਿਵੇਂ ਕਿ ਪੈਪ ਟੈਸਟ ਜਾਂ ਸੈਲਫ-ਸਕ੍ਰੀਨਿੰਗ) ਕਰਵਾ ਚੁੱਕੇ ਹੋ, ਤਾਂ ਕਿਰਪਾ ਕਰਕੇ ਇਸ ਚਿੱਠੀ ਨੂੰ ਨਜ਼ਰਅੰਦਾਜ਼ ਕਰੋ।

ਸਕ੍ਰੀਨਿੰਗ ਕੈਂਸਰ ਨੂੰ ਸ਼ੁਰੂਆਤੀ ਪੜਾਅ ਵਿੱਚ ਲੱਭ ਕੇ ਜਾਂ ਇਸ ਨੂੰ ਇਸਦੇ ਸ਼ੁਰੂ ਹੋਣ ਤੋਂ ਪਹਿਲਾਂ ਰੋਕ ਕੇ ਜਾਨਾਂ ਬਚਾਉਂਦੀ ਹੈ ਭਾਵੇਂ ਕਿ ਤੁਸੀਂ ਆਪਣੇ ਆਪ ਨੂੰ ਤੰਦਰੁਸਤ ਮਹਿਸੂਸ ਕਰਦੇ ਹੋਵੋ ਅਤੇ ਤੁਹਾਨੂੰ ਕੋਈ ਲੱਛਣ ਨਾ ਵੀ ਹੋਣ। ਇਹ ਜਾਂਚ ਕਰਵਾਉਣਾ ਮਹੱਤਵਪੂਰਨ ਹੈ ਭਾਵੇਂ ਤੁਹਾਡੇ ਪਰਿਵਾਰ ਵਿੱਚ ਕੈਂਸਰ ਦਾ ਕੋਈ ਇਤਿਹਾਸ ਨਾ ਵੀ ਹੋਵੇ।

ਸਵੈ -ਸਕ੍ਰੀਨਿੰਗ ਕਿੱਟ:

- ✓ **ਕਰਨ ਵਿੱਚ ਬਹੁਤ ਆਸਾਨ ਹੈ:** ਤੁਹਾਡੀ ਯੋਨੀ ਤੋਂ (ਸਰਵਿਕਸ ਤੋਂ ਨਹੀਂ) ਵਧੀਆ ਨਮੂਨਾ ਲੈਣ ਲਈ ਸਿਰਫ਼ 20 ਸਕਿੰਟ ਲੱਗਦੇ ਹਨ। ਇਹ ਟੈਸਟਸੁਰੱਖਿਅਤ ਹੈ ਅਤੇ ਇਸ ਨਾਲ ਦਰਦ ਨਹੀਂ ਹੋਣਾ ਚਾਹੀਦਾ। ਸਬੂਤ ਦੱਸਦੇ ਹਨ ਕਿ ਯੋਨੀ ਦਾ ਨਮੂਨਾ ਇਕੱਠਾ ਕਰਨ ਵਿੱਚ ਤੁਸੀਂ ਸਿਹਤ-ਸੰਭਾਲ ਪ੍ਰੋਫੈਸ਼ਨਲ ਜਿੰਨੇ ਹੀ ਸਮਰੱਥ ਹੋ।
- ✓ **ਨਿੱਜੀ ਹੈ:** ਤੁਸੀਂ ਇਸਨੂੰ ਖੁਦ ਕਰ ਸਕਦੇ ਹੋ, ਜਿੱਥੇ ਵੀ ਤੁਸੀਂ ਸਭ ਤੋਂ ਵੱਧ ਆਰਾਮਦਾਇਕ ਮਹਿਸੂਸ ਕਰਦੇ ਹੋਵੋ, ਜਿਵੇਂ ਆਪਣੇ ਘਰ ਵਿੱਚ ਜਾਂ ਕਿਸੇ ਸਿਹਤ ਸੰਭਾਲ ਪ੍ਰਦਾਨਕਰਤਾ ਦੇ ਦਫ਼ਤਰ ਵਿੱਚ।
- ✓ **ਸਰਲ ਹੈ:** ਤੁਸੀਂ ਇਸਨੂੰ ਬਿਨਾਂ ਕਿਤੇ ਜਾਣ ਜਾਂ ਕੰਮ ਤੋਂ ਛੁੱਟੀ ਲੈਣ ਦੀ ਲੋੜ ਦੇ, ਆਪਣੇ ਸਮੇਂ ਅਨੁਸਾਰ ਕਰ ਸਕਦੇ ਹੋ।

ਆਪਣੀ ਮੁਫ਼ਤ ਸਰਵਿਕਸ ਸੈਲਫ-ਸਕ੍ਰੀਨਿੰਗ ਕਿੱਟ ਕਿਵੇਂ ਪ੍ਰਾਪਤ ਕਰਨੀ ਹੈ	
ਵਿਕਲਪ 1	**ਆਨਲਾਈਨ:** QR ਕੋਡ ਸਕੈਨ ਕਰੋ ਜਾਂ ਇੱਥੇ ਜਾਉ: **screeningbc.ca/requestkit** ਤੁਹਾਡਾ ਕਿੱਟ ਆਰਡਰ ਕੋਡ: **XXX-XXXXXXXX-XXX**
ਵਿਕਲਪ 2	**ਫ਼ੋਨ:** **1-877-702-6566** ਸੋਮਵਾਰ ਤੋਂ ਸ਼ੁੱਕਰਵਾਰ: ਸਵੇਰੇ 8:00 ਵਜੇ ਤੋਂ ਸ਼ਾਮ 5:30 ਵਜੇ ਤੱਕ ਸ਼ਨੀਵਾਰ: ਸਵੇਰੇ 8:30 ਵਜੇ ਤੋਂ ਸ਼ਾਮ 4:30 ਵਜੇ ਤੱਕ
ਕਿਰਪਾ ਕਰਕੇ ਧਿਆਨ ਦਿਉ: ਜੇ ਤੁਹਾਨੂੰ ਪਹਿਲਾਂ ਸਰਵਾਈਕਲ ਕੈਂਸਰ ਹੋ ਚੁੱਕਾ ਹੈ ਜਾਂ ਤੁਹਾਡੀ ਸਰਵਿਕਸ ਨਹੀਂ ਹੈ (ਉਦਾਹਰਨ ਲਈ (ਉਦਾਹਰਨ ਲਈ, ਪੂਰੀ ਹਿਸਟਰੇਕਟੋਮੀ), ਤਾਂ ਤੁਹਾਨੂੰ ਸਕ੍ਰੀਨਿੰਗ ਦੀ ਲੋੜ ਨਹੀਂ ਹੈ। ਤੁਸੀਂ ਉੱਪਰ ਦਿੱਤੇ ਲਿੰਕ ਦੀ ਵਰਤੋਂ ਕਰਕੇ ਜਾਂ ਸਾਨੂੰ ਫ਼ੋਨ ਕਰਕੇ ਆਪਣੀ ਹਿਸਟਰੇਕਟੋਮੀ ਦੀ ਜਾਣਕਾਰੀ ਦੇ ਸਕਦੇ ਹੋ, ਜਿਸ ਨਾਲ ਭਵਿੱਖ ਵਿੱਚ ਆਉਣ ਵਾਲੀਆਂ ਸਰਵਿਕਸ ਦੀਆਂ ਯਾਦ-ਦਿਹਾਨੀਆਂ ਭੇਜਣੀਆਂ ਬੰਦ ਹੋ ਜਾਣਗੀਆਂ। ਹੋਰ ਜਾਣਕਾਰੀ ਲਈ ਪਿਛਲਾ ਪੰਨਾ ਵੇਖੋ।	

ਜੇ ਤੁਸੀਂ ਸਰਵਿਕਸ ਸਵੈ- -ਸਕ੍ਰੀਨਿੰਗ ਨਹੀਂ ਕਰਨਾ ਚਾਹੁੰਦੇ, ਤਾਂ ਕਿਰਪਾ ਕਰਕੇ ਕਿਸੇ ਸਿਹਤ ਸੰਭਾਲ ਪ੍ਰਦਾਨਕਰਤਾ ਨਾਲ ਪੈਪ ਟੈਸਟ ਲਈ ਸਮਾਂ ਤੈਅ ਕਰੋ। ਆਪਣੇ ਨੇੜੇ ਕਲੀਨਿਕ ਲੱਭਣ ਲਈ www.screeningbc.ca/cervix ਵੇਖੋ।

ਸਰਵਿਕਸ ਸਕ੍ਰੀਨਿੰਗ ਕਰਵਾਉਣਾ ਪਹਿਲਾਂ ਕਦੇ ਇੰਨਾ ਆਸਾਨ ਨਹੀਂ ਰਿਹਾ । www.screeningstories.ca 'ਤੇ ਜਾਣੋ ਕਿ ਸਕ੍ਰੀਨਿੰਗ ਨੇ ਲੋਕਾਂ ਦੀ ਕਿਵੇਂ ਮਦਦ ਕੀਤੀ ਹੈ ਅਤੇ www.screeningbc.ca 'ਤੇ ਸਕ੍ਰੀਨਿੰਗ ਬਾਰੇ ਹੋਰ ਜਾਣਕਾਰੀ ਪ੍ਰਾਪਤ ਕਰੋ। ਮੈਂ ਆਸ ਕਰਦੀ ਹਾਂ ਕਿ ਤੁਸੀਂ ਆਪਣੀ ਸਿਹਤ ਦਾ ਧਿਆਨ ਰੱਖੋਗੇ ਅਤੇ ਅੱਜ ਹੀ ਸਕ੍ਰੀਨਿੰਗ ਕਰਵਾਉਗੇ।

ਸੁਹਿਰਦਤਾ ਸਹਿਤ, Dr. Lily Proctor
Medical Director, Cervix Screening Program

SAMPLE

BC CANCER CERVIX SCREENING

ਸਰਵਿਕਸ ਸਕ੍ਰੀਨਿੰਗ ਯਾਦ-ਦਿਹਾਨੀ

ਮੈਨੂੰ ਇਹ ਚਿੱਠੀ ਕਿਉਂ ਮਿਲੀ ਹੈ?

ਸਾਡੇ ਰਿਕਾਰਡਾਂ ਅਨੁਸਾਰ ਤੁਹਾਡੀ ਸਰਵਿਕਸ ਸਕ੍ਰੀਨਿੰਗ ਕਰਵਾਉਣ ਦਾ ਸਮਾਂ ਹੋਇਆ ਹੋਇਆ ਹੈ। 25 ਤੋਂ 69 ਸਾਲ ਦੀ ਉਮਰ ਦੇ ਉਹ ਸਾਰੇ ਲੋਕ, ਜਿਨ੍ਹਾਂ ਦਾ ਸਰਵਿਕਸ ਹੈ, ਉਹਨਾਂ ਨੂੰ ਨਿਯਮਿਤ ਤੌਰ 'ਤੇ ਸਰਵਾਈਕਲ ਕੈਂਸਰ ਲਈ ਸਕ੍ਰੀਨਿੰਗ ਕਰਵਾਉਣੀ ਚਾਹੀਦੀ ਹੈ। ਸਕ੍ਰੀਨਿੰਗ ਇਹ ਪਤਾ ਲਗਾਉਣ ਵਿੱਚ ਮਦਦ ਕਰ ਸਕਦੀ ਹੈ ਕਿ ਕੀ ਤੁਹਾਨੂੰ ਆਪਣੇ ਸਰਵਿਕਸ ਵਿੱਚ ਅਸਧਾਰਨ ਸੈੱਲ ਬਣਨ ਦਾ ਖ਼ਤਰਾ ਹੈ। ਅਸਧਾਰਨ ਸੈੱਲਾਂ ਨੂੰ ਜਲਦੀ ਲੱਭਣਾ ਅਤੇ ਇਲਾਜ ਕਰਨਾ ਕੈਂਸਰ ਨੂੰ ਰੋਕਣ ਵਿੱਚ ਮਦਦ ਕਰ ਸਕਦਾ ਹੈ। ਸਕ੍ਰੀਨਿੰਗ ਕੈਂਸਰ ਨੂੰ ਸ਼ੁਰੂਆਤੀ ਪੜਾਅ 'ਤੇ, ਇਸ ਦੇ , ਲੱਛਣ ਪੈਦਾ ਹੋਣ ਤੋਂ ਪਹਿਲਾਂ ਲੱਭ ਸਕਦੀ ਹੈ, ਜਦੋਂ ਇਲਾਜ ਦੇ ਵਧੇਰੇ ਵਿਕਲਪ ਉਪਲਬਧ ਹੁੰਦੇ ਹਨ।

ਕਿਨ੍ਹਾਂ ਨੂੰ ਸਰਵਾਈਕਲ ਕੈਂਸਰ ਲਈ ਸਕ੍ਰੀਨਿੰਗ ਨਹੀਂ ਕਰਵਾਉਣੀ ਚਾਹੀਦੀ?

ਜੇ ਤੁਹਾਨੂੰ ਸਰਵਾਈਕਲ ਕੈਂਸਰ ਹੋ ਚੁੱਕਾ ਹੈ ਜਾਂ ਤੁਹਾਡਾ ਸਰਵਿਕਸ ਨਹੀਂ ਹੈ (ਜਿਵੇਂ ਕਿ ਪੂਰੀ ਹਿਸਟਰੇਕਟੋਮੀ), ਤਾਂ ਤੁਹਾਨੂੰ ਸਕ੍ਰੀਨਿੰਗ ਦੀ ਲੋੜ ਨਹੀਂ ਹੈ। ਜੇ ਸਕ੍ਰੀਨਿੰਗ ਦੀ ਹੁਣ ਲੋੜ ਨਹੀਂ ਰਹੀ, ਤਾਂ ਭਵਿੱਖ ਵਿੱਚ ਯਾਦ-ਦਿਹਾਨੀ ਸੂਚਨਾਵਾਂ ਭੇਜਣੀਆਂ ਬੰਦ ਕਰਵਾਉਣ ਲਈ ਕਿਰਪਾ ਕਰਕੇ 1-877-702-6566 'ਤੇ ਜਾਂ screening@bccancer.bc.ca 'ਤੇ ਸਾਡੇ ਨਾਲ ਸੰਪਰਕ ਕਰੋ।

ਜੇ ਤੁਹਾਨੂੰ ਸੰਭੋਗ ਤੋਂ ਬਾਅਦ, ਮਾਹਵਾਰੀ ਦੇ ਦਰਮਿਆਨ ਜਾਂ menopause ਤੋਂ ਬਾਅਦ ਖੂਨ ਆਉਂਦਾ ਹੈ; ਯੋਨੀ ਵਿੱਚੋਂ ਵਧੇਰੇ ਡਿਸਚਾਰਜ ਹੁੰਦਾ ਹੈ; ਪੇਡੂ ਵਿੱਚ ਦਰਦ ਜਾਂ ਸੰਭੋਗ ਦੌਰਾਨ ਦਰਦ ਹੁੰਦਾ ਹੈ, ਤਾਂ ਇਹ ਮਹੱਤਵਪੂਰਨ ਹੈ ਕਿ ਤੁਸੀਂ ਇਨ੍ਹਾਂ ਲੱਛਣਾਂ ਬਾਰੇ ਕਿਸੇ ਸਿਹਤ ਸੰਭਾਲ ਪ੍ਰਦਾਤਾ ਨਾਲ ਗੱਲ ਕਰੋ। ਜੇ ਤੁਸੀਂ ਗਰਭਵਤੀ ਹੋ, ਤਾਂ ਆਪਣੇ ਵਿਕਲਪਾਂ ਅਤੇ ਸਕ੍ਰੀਨਿੰਗ ਕਰਵਾਉਣ ਦੇ ਸਹੀ ਸਮੇਂ ਬਾਰੇ ਕਿਸੇ ਸਿਹਤ-ਸੰਭਾਲ ਪ੍ਰਦਾਨਕਰਤਾ ਨਾਲ ਗੱਲ ਕਰੋ।

ਤੁਹਾਨੂੰ ਮੇਰੀ ਨਿੱਜੀ ਸਿਹਤ ਅਤੇ ਸੰਪਰਕ ਜਾਣਕਾਰੀ ਕਿੱਥੋਂ ਮਿਲੀ?

ਪ੍ਰੋਵਿੰਸ਼ੀਅਲ ਹੈਲਥ ਸਰਵਿਸਿਜ਼ ਅਥਾਰਿਟੀ (Provincial Health Services Authority) ਦੇ ਇੱਕ ਪ੍ਰੋਗਰਾਮ ਵਜੋਂ, ਅਸੀਂ ਉਹਨਾਂ ਸਰਕਾਰੀ ਸੰਸਥਾਵਾਂ ਅਤੇ ਸਿਹਤ ਪ੍ਰੋਫੈਸ਼ਨਲਾਂ ਤੋਂ ਸਬੰਧਤ ਨਿੱਜੀ ਸਿਹਤ ਅਤੇ ਸੰਪਰਕ ਜਾਣਕਾਰੀ ਪ੍ਰਾਪਤ ਕਰਦੇ ਹਾਂ ਜੋ ਤੁਹਾਡੀ ਦੇਖਭਾਲ ਵਿੱਚ ਸਿੱਧੇ ਤੌਰ 'ਤੇ ਸ਼ਾਮਲ ਹੁੰਦੇ ਹਨ। ਅਸੀਂ ਇਸ ਜਾਣਕਾਰੀ ਦੀ ਵਰਤੋਂ ਇਹ ਨਿਰਧਾਰਤ ਕਰਨ ਲਈ ਕਰਦੇ ਹਾਂ ਕਿ ਤੁਹਾਨੂੰ ਕੈਂਸਰ ਸਕ੍ਰੀਨਿੰਗ ਲਈ ਚਿੱਠੀਆਂ ਕਦੋਂ ਭੇਜੀਆਂ ਜਾਣੀਆਂ ਚਾਹੀਦੀਆਂ ਹਨ ਅਤੇ ਤੁਹਾਨੂੰ ਤੁਹਾਡੇ ਸਕ੍ਰੀਨਿੰਗ ਨਤੀਜੇ ਪ੍ਰਦਾਨ ਕਰਨ ਲਈ। BC Cancer ਹਰ ਸਮੇਂ ਤੁਹਾਡੀ ਜਾਣਕਾਰੀ ਨੂੰ ਨਿੱਜੀ, ਗੁਪਤ ਅਤੇ ਸੁਰੱਖਿਅਤ ਰੱਖਣ ਲਈ ਵਚਨਬੱਧ ਹੈ।

ਅਸੀਂ ਇਸ ਜਾਣਕਾਰੀ ਦੀ ਵਰਤੋਂ ਹੇਠ ਲਿਖੇ ਉਦੇਸ਼ਾਂ ਲਈ ਕਰਦੇ ਹਾਂ:

- ਜਦੋਂ ਤੁਸੀਂ ਉਮਰ ਅਨੁਸਾਰ ਯੋਗ ਹੋਵੋ ਤਾਂ ਤੁਹਾਨੂੰ ਸਕ੍ਰੀਨਿੰਗ ਬਾਰੇ ਸੋਚਣ ਲਈ ਸੱਦਾ ਦੇਣਾ;
- ਤੁਹਾਨੂੰ ਯਾਦ ਦਿਵਾਉਣਾ ਕਿ ਤੁਹਾਡੇ ਅਗਲੇ ਸਕ੍ਰੀਨਿੰਗ ਟੈਸਟ ਦਾ ਸਮਾਂ ਕਦੋਂ ਹੈ; ਅਤੇ ਤੁਹਾਨੂੰ ਤੁਹਾਡੇ ਸਕ੍ਰੀਨਿੰਗ ਨਤੀਜਿਆਂ ਬਾਰੇ ਜਾਣਕਾਰੀ ਦੇਣਾ, ਜਿਸ ਵਿੱਚ ਫਾਲੋ-ਅਪ ਜਾਣਕਾਰੀ ਵੀ ਸ਼ਾਮਲ ਹੈ (ਜੇ ਲੋੜ ਹੋਵੇ)।

ਭਵਿੱਖ ਵਿੱਚ ਤੁਹਾਡੇ ਨਾਲ ਸਰਵਿਕਸ ਸਕ੍ਰੀਨਿੰਗ ਸੰਬੰਧੀ ਫੀਡਬੈਕ ਸਰਵੇਖਣ ਪੂਰਾ ਕਰਨ ਲਈ ਸੰਪਰਕ ਕੀਤਾ ਜਾ ਸਕਦਾ ਹੈ। BC Cancer ਬ੍ਰਿਟਿਸ਼ ਕੋਲੰਬੀਆ ਦੇ ਨਿਵਾਸੀਆਂ ਲਈ ਕੈਂਸਰ ਦੇਖਭਾਲ ਦੀ ਸੂਬਾਈ ਯੋਜਨਾਬੰਦੀ ਅਤੇ ਖੇਤਰੀ ਸੇਵਾਵਾਂ ਪ੍ਰਦਾਨ ਕਰਨ ਦੀ ਅਗਵਾਈ ਕਰਦਾ ਹੈ। BC Cancer ਦਾ ਮੰਡੇਟ ਕੈਂਸਰ ਦੇਖਭਾਲ ਦੇ ਪੂਰੇ ਦਾਇਰੇ ਨੂੰ ਕਵਰ ਕਰਦਾ ਹੈ ਅਤੇ ਇਸ ਵਿੱਚ ਬ੍ਰਿਟਿਸ਼ ਕੋਲੰਬੀਆ ਲਈ ਵਿਵਸਥਿਤ ਕੈਂਸਰ ਸਕ੍ਰੀਨਿੰਗ ਪ੍ਰੋਗਰਾਮ ਵੀ ਸ਼ਾਮਲ ਹਨ। ਜੇ ਤੁਹਾਡੇ ਕੋਲ ਕੈਂਸਰ ਸਕ੍ਰੀਨਿੰਗ ਸੂਚਨਾਵਾਂ ਬਾਰੇ ਕੋਈ ਸਵਾਲ ਹਨ, ਤਾਂ ਕਿਰਪਾ ਕਰਕੇ www.screeningbc.ca/notifications 'ਤੇ ਜਾਓ ।

ਮੇਰਾ ਪਤਾ hox ਬਦਲ ਗਿਆ ਹੈ, ਮੈਨੂੰ ਕੀ ਕਰਨਾ ਚਾਹੀਦਾ ਹੈ?

ਜੇ ਤੁਹਾਡਾ ਪਤਾ ਬਦਲ ਗਿਆ ਹੈ, ਤਾਂ ਕਿਰਪਾ ਕਰਕੇ www.addresschange.gov.bc.ca 'ਤੇ ਜਾ ਕੇ ICBC ਅਤੇ Health Insurance BC ਨਾਲ ਆਪਣਾ ਪਤਾ ਇੱਕੋ ਸਮੇਂ ਅੱਪਡੇਟ ਕਰੋ।

Important information, please translate.
重要信息，请翻译。
ਮਹੱਤਵਪੂਰਨ ਜਾਣਕਾਰੀ, ਕਿਰਪਾ ਕਰਕੇ ਅਨੁਵਾਦ ਕਰੋ।
Mahalagang impormasyon, mangyaring isalin sa wikang tagalog.
Información importante; por favor, tradúzcala.
معلومات مهمة ، يرجى الترجمة .

Information importante, veuillez traduire.
重要信息，請翻譯。
Wichtige Informationen, bitte übersetzen.
중요한 정보를 번역하십시오.
Tin tức quan trọng, xin phiên dịch.
اطلاعات مهم ، لطفاً ترجمه کنید.

SAMPLE

BC Cancer ਸਕ੍ਰੀਨਿੰਗ ਸੇਵਾਵਾਂ ਪ੍ਰਦਾਨ ਕਰਨ, ਜਿਸ ਵਿੱਚ ਸੰਚਾਰ ਅਤੇ ਫਾਲੋ-ਅੱਪ ਸ਼ਾਮਲ ਹਨ, ਅਤੇ ਪ੍ਰੋਗਰਾਮ ਮੁਲਾਂਕਣ ਦੇ ਉਦੇਸ਼ਾਂ ਲਈ ਤੁਹਾਡੀ ਨਿੱਜੀ ਜਾਣਕਾਰੀ ਇਕੱਠੀ ਕਰੇਗਾ ਅਤੇ ਵਰਤੇਗਾ। ਇਹ ਜਾਣਕਾਰੀ FIPPA ਧਾਰਾ 26(c) ਅਤੇ (e) ਦੇ ਅਨੁਸਾਰ ਇਕੱਠੀ ਕੀਤੀ ਜਾ ਰਹੀ ਹੈ। ਜੇ ਤੁਹਾਡੇ ਕੋਲ ਆਪਣੀ ਨਿੱਜੀ ਜਾਣਕਾਰੀ ਦੇ ਇਕੱਠਾ ਕਰਨ ਅਤੇ ਵਰਤੋਂ ਬਾਰੇ ਕੋਈ ਸਵਾਲ ਹਨ, ਤਾਂ ਕਿਰਪਾ ਕਰਕੇ screening@bccancer.bc.ca ਨਾਲ ਸੰਪਰਕ ਕਰੋ। ਗੁਪਤਤਾ ਬਾਰੇ ਵਧੇਰੇ ਜਾਣਕਾਰੀ ਲਈ ScreeningBC.ca 'ਤੇ ਜਾਓ। ਜੇ ਇਹ ਜਾਣਕਾਰੀ ਤੁਹਾਨੂੰ ਗਲਤੀ ਨਾਲ ਪ੍ਰਾਪਤ ਹੋਈ ਹੈ, ਤਾਂ ਕਿਰਪਾ ਕਰਕੇ ਤੁਰੰਤ ਭੇਜਣ ਵਾਲੇ ਨਾਲ ਸੰਪਰਕ ਕਰੋ।